Cbsemath.com in the service of student community
The no.1 CBSE Mathematics website in the world

M.M.100 Punjabi Mock Test 2010 Time 3h

Paper Prepared by Mrs. Kulwinder Kaur M.A.B.ed, Bathinda M –09872600247

ਭਾਗ–ੳ

1. (ੳ) ਹੇਠ ਲਿਖਿਆਂ ਨੂੰ ਦਿੱਤੀਆ ਹਿਦਾਇਤਾਂ ਅਨੁਸਾਰ ਹੱਲ ਕਰੋ:–

1. ਸਮ (ਅਗੇਤਰ ਲਾ ਕੇ ਸਬਦ ਬਣਾਉ) (1)

2. ੜ (ਪਿਛੇਤਰ ਲਾ ਕੇ ਸਬਦ ਬਣਾਉ) (1)

3. ਰਾਹ ਅਤੇ ਕੁਹਾਰ (ਸਮਾਸੀ ਸ਼ਬਦ ਬਣਾਉ) (1)

(ਅ) ਕੇਵਲ ਨਾਂਵ ਸ਼ਬਦ ਪਦਵੰਡ ਕਰੋ:– (3)

ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ।

(ੲ) (1) ਵਾਕ ਸ਼ੁੱਧ ਕਰਕੇ ਲਿਖੋ:– (1)

ਬੁੱਢੀਆਂ,ਮੁਟਿਆਰਾਂ ਤੇ ਬੱਚੀਆਂ ਨੱਚ ਰਹੇ ਹਨ।

(2) ਸ਼ੁੱਧ ਕਰਕੇ ਲਿਖੋ:– (1/2×4=2)

ਮਕੌਣਾ, ਸਾਂਜ, ਗਾਕੇ, ਦੁੱਦ

(ਸ) ਵਿਸ਼ਰਾਮ ਚਿੰਨ ਲਗਾਉ:– (3)

ਪਤਾ ਨਹੀਂ ਅੱਜ ਕੱਲ , ਦੇ ਬੱਚਿਆਂ ਨੂੰ ਕੀ ਹੋ ਗਿਆ ਹ

ਟਿਕ ਕੇ ਹੀ ਨਹੀਂ ਬੈਠ ਸਕਦੇ ਮਾਂ ਨੇ ਕਿਹਾ

2. (1) ਮੁਹਾਵਰਿਆਂ ਨੂੰ ਵਾਕਾਂ ਵਿੱਚ ਵਰਤੋਂ:– (ਕੋਈ ਤਿੰਨ) (3)

ਮੜਕਾਂ ਕੱਢਣੀਆਂ, ਸਾਖੀ ਭਰਨੀ, ਖੂਨ ਨਿਚੋੜਨਾ, ਚੜਦੀ ਕਲਾ ਵਿੱਚ ਰਹਿਣਾ, ਹੱਥ ਧੋ ਬਹਿਣਾ

(2) ਹੇਠ ਲਿਖੇ ਅਖਾਣ ਕਿਹੜੇ– ਕਿਹੜੇ ਵਿਸ਼ੇਸ਼ ਮੌਕਿਆਂ–2 ਤੇ ਵਰਤੇ ਜਾਂਦੇ ਹਨ:– (2)

(ੳ) ਬੁੱਢੀ ਘੋੜੀ ਲਾਲ ਲਗਾਮ

(ਅ) ਮੂਸਾ ਭੱਜਿਆ ਮੌਤ ਤੋਂ , ਅੱਗੇ ਮੌਤ ਖੜੀ।

cbsemath.com website by Dev Anoop (Bathinda)

Also Visit Cbsemathspapers.com

(ੲ) ਵਾਕ ਵਟਾਂਦਰਾਂ ਕਰੋ:-

(1) ਗਰੀਬ ਨੂੰ ਦੁਖੀ ਨਾ ਕਰੋ। (ਕਰਮਣੀ ਵਾਕ 'ਚ') (1)

(2) ਕਾਸ! ਅਸੀ ਉੱਡਦੇ ਹੁੰਦੇ (ਸਧਾਰਨ ਵਾਕ 'ਚ') (1)

(3) ਮਿਸਤਰੀ ਨੂੰ ਬੁਲਾ ਕੇ ਦਰਵਾਜ਼ਾ ਠੀਕ ਕਰਵਾਉ (ਸੰਯੁਕਤ ਵਾਕ 'ਚ') (1)

3. ਹੇਠ ਲਿਖੇ ਵਿਸ਼ਿਆਂ ਵਿੱਚੋਂ ਇੱਕ ਤੇ ਲੇਖ ਲਿਖੋ:- (12)

1. ਭਾਰਤ ਅੱਗੇ ਨਵੀਆਂ ਚੁਣੌਤੀਆਂ।

2. ਮਨ ਜੀਤੈ ਜਗੁ ਜੀਤੁ।

3. ਮੋਬਾਇਲ ਫੋਨ ਦਾ ਚਲਣ ।

4. ਮਹਿੰਗਾਈ ਦੀ ਸਮੱਸਿਆ

5. ਗੁਰੂ ਗੋਬਿੰਦ ਸਿੰਘ ਜੀ।

4. ਕਿਸੇ ਪੰਜਾਬੀ ਅਖ਼ਬਾਰ ਦੇ ਸੰਪਾਦਕ ਨੂੰ ਦੱਸੋ ਕਿ ਸਾਡੇ ਨਗਰ ਵਿੱਚ ਨਿੱਤ ਵਰਤੋਂ ਦੀਆਂ ਚੀਜਾਂ ਵਿੱਚ ਮਿਲਾਵਟ ਕੀਤੀ ਜਾਂਦੀ ਹੈ ,ਜਿਸ ਨਾਲ ਲੋਕਾਂ ਨੂੰ ਪੇਟ ਦੀਆਂ ਬਿਮਾਰੀਆਂ ਹੋ ਰਹੀਆਂ ਹਨ,ਇਸ ਦੀ ਰੋਕਥਾਮ ਦਾ ਸਰਕਾਰ ਪ੍ਰਬੰਧ ਕਰੇ। (8)

5. ਸੰਖੇਪ ਰਚਨਾਂ ਲਿਖੋ ਅਤੇ ਢੁੱਕਵਾਂ ਸਿਰਲੇਖ ਦਿਉ:- (10)

ਅੱਜ ਚੰਦ ਨਹੀਂ ਚੜਿਆ ਪਰ ਚੰਦਾ! ਸੁੰਦਰਤਾ ਨਿਰੀ ਤੇਰੀ ਮੁਹਤਾਜ ਨਹੀ ! ਸੁੰਦਰਤਾ ਤਾਂ ਇੱਕ ਇਲਾਹੀ ਜਲਵਾ ਹੈ ਕਦੇ ਤੇਰੇ ਵਿੱਚ ਝਾਤੀਆਂ ਮਾਰਦੀ ਹੈ , ਕਦੇ ਵਹਿੰਦੇ ਪਾਣੀਆਂ ਵਿੱਚੋਂ ਝਾਕੇ ਦਿੰਦੀ ਹੈ, ਕਦੇ ਪਹਾੜਾ ਵਿੱਚ ਉਮਲ-ਉਮਲ ਪੈਂਦੀ ਹੈ , ਕਦੇ ਬਨਸਪਤੀ ਵਿੱਚੋਂ ਸੋਲ ਉੱਠਦੀ ਹੈ ਅਤੇ ਕਦੇ ਬਿਜਲੀ ਦੀ ਡਰਾਉਣੀ ਗੜਗੱਜ ਵਿੱਚੋਂ ਲਿਸ਼ਕਾਰਾ ਮਾਰ ਜਾਂਦੀ ਹੈ ।ਕਦੇਸਮੁੰਦਰੀ ਲਹਿਰਾਂ ਵਿੱਚੋਂ ਤਰ ਆਉਦੀਂ ਹੈ ਤੇ ਕਦੀ ਗਲੀ ਦੀਆਂ ਨਾਲੀਆਂ ਤੇ ਕਦੇ ਸਾਜ਼ਾਂ ਦੀਆਂ ਤਾਰਾਂ ਵਿੱਚੋਂ ਪ੍ਰਕਾਸ਼ ਪਾਉਂਦੀ ਹੈ ।ਕਦੇ ਮੈਦਾਨੀ ਜੰਗ ਦੇ ਗੋਲਿਆ 'ਚੋਂ' ਕੂਕ ਜਾਂਦੀ ਹੈ ਤੇ ਕਦੇ

cbsemath.com website by Dev Anoop (Bathinda)

Also Visit cbsesocialscience.com
History, Geography, Economics and Civics

Cbsemath.com in the service of student community
The No. 1 CBSE Mathematics website in the world

ਸੋਹਣੇ ਮੁਛਾਹਾਰਿਆਂ ਤੇ ਬਾਂਕੀਆਂ ਨੁਹਾਰਾਂ ਵਿੱਚੋਂ ਫੁੱਟ-ਫੁੱਟ ਨਿਕਲਦੀ ਹੈ (ਸੁੰਦਰਤਾ! ਤੂੰ ਸਥੂਲ ਸੈਅ ਨਹੀਂ ਪਰ ਸਥੂਲ ਟਿਕਾਣਿਆਂ ਤੇ ਜਲਵੇ ਮਾਰਦੀ ਹੈਂ।) ਤੂੰ ਦੇਵੀ ਹੈਂ, ਕਿ ਕੌਣ ਹੈਂ , ਦੇਣ ਹੈਂ, ਤੂੰ ਆਪ ਹੈਂ ਕਿ ਆਪੇ ਦਾ ਪ੍ਰਕਾਸ਼ ? ਦੇਖ ਇੱਕ ਸਿਆਣਾ ਪਿਆ ਆਖਦਾ ਹੈ ਕਿ (ਜ਼ੋ ਐਸ਼ ਲਾਭਦਾਇਕ ਹੈ ਉਹੀ ਸੁੰਦਰ ਹੈ ਤੇਰੇ ਰਸੀਏ ਜਾਣਦੇ ਹਨ ਕਿ ਨਹੀਂ) ਤੂੰ ਕੋਈ ਅਰਸ਼ਾ ਦੀ ਵੱਖਰੀ ਹੀ ਮਹਾਰਾਣੀ ਹੈ ।ਜਿਸ ਮਨ ਵਿੱਚ ਗਰਜ ਹੈ, ਜਿਸ ਵਿੱਚ ਲੋੜ ਨਹੀਂ, ਚਾਹ ਨਹੀਂ, ਉਹ ਅਸਲ ਤੇਰੇ ਸਰੂਪ ਦੇ ਜਾਣੂ ਹਨ।(ਤੂੰ ਤਾਂ ਆਪ ਮੁਕੰਮਲ ਦੇਵੀ ਹੈ।ਤੇਰੇ ਟਿਕਾਣੇ ,ਫਕੀਰਾਂ, ਕਵੀਸ਼ਰਾਂ, ਗਵੱਈਆਂ, ਚਿੱਤਰਕਾਰਾਂ ਅਤੇ ਸੰਗਤ੍ਰਾਸ਼ ਦੇ ਅੰਦਰ ਹਨ।

ਭਾਗ-(ਅ)

6. ਹੇਠ ਲਿਖੇ ਵਸਤੂਨਿਸ਼ਟ ਪ੍ਰਸ਼ਨਾਂ ਦੇ ਉੱਤਰ ਕੇਵਲ ਇੱਕ ਵਾਕ ਵਿੱਚ ਦਿਉ:- (1×8=8)

(1) ਛਾਪੇ ਪਿੰਡ ਵਾਲਿਆਂ ਨੇ ਲੇਖਕ ਦੇ ਵਡੇਰਿਆਂ ਤੋਂ ਨਾਤਾ ਕਿਉਂ ਤੋੜ ਲਿਆ ?

(2) ਡਾ: ਰਾਧਾ ਕ੍ਰਿਸ਼ਨਨ ਦਾ ਜਨਮ ਕਦੋਂ ਅਤੇ ਕਿਸ ਰੂਪ ਵਿੱਚ ਮਨਾਇਆ ਜਾਂਦਾ ਹੈ ?

(3) 'ਰਾਗ ਰਤਨ ਪਰਿਵਾਰ ਪਰੀਆਂ 'ਸ਼ਬਦ ਗਾਵਣ ਆਈਆਂ ਇਹ ਪੰਕਤੀ ਕਿਸ ਗੁਰੂ ਸਾਹਿਬ ਦੀ ਰਚਨਾ ਹੈ ?

(4) ' ਨਾਲ ਸਜਨ ਦੇ ਰਹੀਏ' ਕਾਫ਼ੀ ਕਿਸ ਦੀ ਲਿਖੀ ਹੋਈ ਹੈ ?

(5) ' ਸ਼ਿਵ ਕੁਮਾਰ ਬਟਾਲਵੀ' ਦੀਆਂ ਕੋਈ ਦੋ ਮੁੱਖ ਰਚਨਾਵਾਂ ਦੇ ਨਾਂ ਲਿਖੋ ?

(6) ਕਿੰਨੇ ਦਿਨਾਂ ਦੇ ਸਫ਼ਰ ਮਗਰੋਂ ਕਾਮਾਗਾਟਾਮਾਰੂ ਜਹਾਜ਼ ਵੈਨਕੂਵਰ ਦੀ ਬੰਦਰਗਾਹ ਤੇ ਪਹੁੰਚਿਆ ?

(7) ਅੰਗਰੇਜੀ ਵਿੱਚ ਲਿਖੀ ਕਿਹੜੀ ਪੁਸਤਕ ਨੇ ਡਾ: ਸਵਰਪੱਲੀ ਰਾਧਾ ਕ੍ਰਿਸ਼ਨਨ ਨੂੰ ਵਿਸ਼ਵ-ਪ੍ਰਸਿੱਧੀ ਲੈ ਕੇ ਦਿੱਤੀ ?

cbsemath.com website by Dev Anoop (Bathinda)

cbseprojectwork.com
Readymade CBSE Maths Projects class IX and X. Power point presentations also available.

7. ਹੇਠ ਲਿਖੇ ਸੰਖੇਪ ਪ੍ਰਸ਼ਨਾਂ ਦੇ ਉੱਤਰ 40-45 ਸ਼ਬਦਾਂ ਵਿੱਚ ਲਿਖੋ: (2×9=18)

(1) ਕਸ਼ਮੀਰੀ ਪੰਡਤ ਗੁਰੂ ਜੀ ਕੋਲ ਕੀ ਫ਼ਰਿਆਦ ਲੈ ਕੇ ਗਏ ਤੇ ਕਿਉਂ ?

(2) ਡਾ: ਰਾਧਾ ਕ੍ਰਿਸ਼ਨਨ ਨੇ ਦੇਸ਼ ਤੇ ਵਿਦੇਸ਼ ਵਿੱਚ ਕਿਹੜੇ-2 ਪ੍ਰਸਿੱਧ ਅਹੁਦਿਆਂ ਉੱਤੇ ਕੰਮ ਕੀਤਾ ?

(3) ਟਾਲਸਟਾਏ ਦਾ ਚਿੱਤ ਯੁੱਧ ਤੋਂ ਕਿਉਂ ਉਪਰਾਮ ਹੋ ਗਿਆ ?

(4) ਮੈਂ ਪਾਤਰ ਉੱਤਮ ਸਿੰਘ ਸੰਧੂ ਦਾ ਦੱਸਿਆ ਕੰਮ ਕਰਨ ਤੋਂ ਕਿਉਂ ਅਸਮੱਰਥ ਸੀ ?

(5) ਫਰੰਗੀ ਦੀ ਲੋਕਾਂ ਨੂੰ ਕਿਹੜੀ ਗੱਲ ਮਲਜ਼ੂਰ ਨਹੀਂ ਸੀ ਅਤੇ ਲੋਕਾਂ ਨੇ ਕੀ ਫੈਸਲਾ ਕੀਤਾ

(6) ਸਤਿਗੁਰੂ ਰਾਮ ਸਿੰਘ ਨੇ ਇਸਤਰੀਆਂ ਦੀ ਦਸਾ ਸੁਧਾਰਨ ਬਾਰੇ ਕੀ-ਕੀ ਕੀਤਾ ?

(7) ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ ?

(8) 'ਫ਼ਰੀਦਾ ਗਲੀਏ ਚਿਕੜ ਦੂਰਿ..................... ਤੁਟੇ ਨੇਹੁ' ਸ਼ਲੋਕ ਵਿੱਚ ਫ਼ਰੀਦ ਜ਼ੀ ਨੇ ਕੀ ਦੱਸਿਆ ਹੈ ?

(9) ਅਮਨ ਦਾ ਸੰਗਤ ਉੱਤੇ ਕੀ ਪ੍ਰਭਾਵ ਪਏਗਾ ?

8. ਹੇਠ ਲਿਖੇ ਪੈਰ੍ਹੇ ਦੇ ਆਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਉ:- (4)

"ਬਾਦਸ਼ਾਹੋ' ਸਾਡਾ ਵੇਲਾ ਵੀ ਤਾਂ ਥੋੜੇ ਸਿਰਤੈਈ ਐ।
ਬੈਠੋ ਅੰਦਰ , ਮੁਰਗਾ ਤਿਆਰ ਹੈ ।"

(1) ਕਹਾਣੀ ਤੇ ਕਹਾਣੀਕਾਰ ਦਾ ਨਾਂ ਲਿਖੋ ?

(2) 'ਬਾਦਸ਼ਾਹੋ' ਸ਼ਬਦ ਕਿਸ ਲਈ ਵਰਤਿਆ ਗਿਆ ਹੈ ?

(3) ਕਹਾਣੀਕਾਰ ਨੇ ਇਸ ਵਿੱਚ ਕਿਸ ਮਹਿਕਮੇ ਦੇ ਉੱਤੇ ਵਿਅੰਗ ਕੀਤਾ ਹੈ ?

9. 'ਦੁਸ਼ਮਣ' ਇਕਾਂਗੀ ਦੀ ਬਿਮਲਾ ਪਾਤਰ ਦੀ ਪਾਤਰ-ਉਸਾਰੀ 100 ਤੋਂ 125 ਸਬਦਾਂ ਵਿੱਚ ਕਰੋ ? (5)

cbsemath.com website by Dev Anoop (Bathinda)

10. ਸਿੱਖਾਂ ਦੀ ਅਰਦਾਸ ਦੀ ਕੀ ਕਰਾਮਾਤ ਹੈ ? (5)

11. ਹੇਠ ਲਿਖੇ ਕਾਵਿ-ਬੰਦਾਂ ਦੇ ਆਧਾਰ ਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ:- (5×2=10)

(ੳ) ਮਹਿਕ ਮਹਿਕ ਪੁੱਤ ਲੱਭਾਂ ਇੱਕ ਮਾਂ ਤੱਤੜੀ ਨੂੰ ,
ਲੱਖ-ਲੱਖ ਸ਼ੁਕਰ ਉਹਨੇ ਰੱਬ ਦਾ ਗੁਜਾਰਿਆ।
ਹੁੰਦੇ ਤਾਣ ਪੁੱਤ ਨੂੰ ਨ' ਵਾ ਤੱਤੀ ਲੁੱਗਣ ਦਿੱਤੀ,
ਦੁੱਖ ਵੱਲੇ ਉਹਦੇ ਹਿੱਕ ਆਪਣੀ ਨੂੰ ਠਾਰਿਆ।

(1) ਕਵਿਤਾ ਤੇ ਕਵੀ ਦਾ ਨਾਂ ਲਿਖੋ ?

(2) ਮਾਂ ਨੇ ਰੱਬ ਦਾ ਸ਼ੁਕਰ ਕਿਉਂ ਕੀਤਾ ?

(3) ਮਾਂ ਨੇ ਪੁੱਤ ਨੂੰ ਕੀ ਨਹੀਂ ਸੀ ਲੱਗਣ ਦਿੱਤੀ ?

(4) 'ਤੱਤੜੀ' ਸ਼ਬਦ ਤੋਂ ਕੀ ਭਾਵ ਹੈ ?

(ਅ) " ਸਤਿਗੁਰ ਨਾਨਕ ਪਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ॥
ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅਧੰਰ ਪਲੋਆ॥ f
ਸਿੰਘ ਬੁਕੇ ਮ੍ਰਿਗਾਵਲੀ ਭੰਨੀ ਜਾਇ ਨਾ ਧੀਰ ਧਰੋਆ॥
ਜਿਥੇ ਬਾਬਾ ਪੈਰ ਪਏ ਧਰੇ ਪੂਜਾ ਆਸਣ ਥਾਪਣ ਸੋਆ॥

(1) ਇਸ ਕਵਿਤਾ ਦੇ ਰਚਨਹਾਰ ਤੇ ਕਵਿਤਾ ਦੇ ਸਿਰਲੇਖ ਦਾ ਨਾਂ ਲਿਖੋ ?

(2) ਗੁਰੂ ਜੀ ਦੇ ਪ੍ਰਗਟ ਹੋਣ ਤੇ ਕਿਹੜਾ ਹਨੇਰਾ ਦੂਰ ਹੋ ਗਿਆ ?

(3) ਸ਼ੇਰਾਂ ਦੀ ਭਬਕ ਸੁਣ ਕੇ ਕੌਣ ਨੱਸ ਜਾਂਦਾ ਹੈ ?

(4) ਜਿੱਥੇ-ਜਿੱਥੇ ਬਾਬਾ ਜੀ ਨੇ ਪੈਰ ਧਰੇ , ਉਹ ਥਾਵਾਂ ਕੀ ਬਣ ਗਈਆਂ ?

**Paper Prepared by Mrs. Kulwinder Kaur M.A. B.ed**
**Bathinda**
**Phone – 09872600247**



cbsemath.com website by Dev Anoop (Bathinda)